ਬੈੱਡ ਬਗਜ਼ (ਖਟਮਲ) ਖ਼ਤਮ 647-688-3944
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

"ਦੂਸਰਿਆਂ ਬਾਰੇ ਨਿਰਣੇ ਨਾ ਦਿਓ ਤਾਂ ਕਿ ਦੂਜੇ ਲੋਕ ਵੀ ਤੁਹਾਡੇ ਬਾਰੇ ਨਿਰਣੇ ਨਾ ਕਰਨ।" ਇੱਥੇ ਇਸ ਕਥਨ ਦਾ ਭਾਵ ਇਹ ਹੈ ਕਿ ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਦੂਸਰੇ ਤੁਹਾਡੇ 'ਚ ਦੋਸ਼ ਕੱਢਣ ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਵੀ ਉਨ੍ਹਾਂ ਨੂੰ ਦੋਸ਼ ਨਾ ਦਿਓ। ਹਾਂ ਜੇਕਰ ਅਸੀਂ ਇੱਥੇ ਦੈਵੀ ਨਿਆਂ ਦੀ ਗੱਲ ਕਰ ਰਹੇ ਹਾਂ ਤਾਂ ਫ਼ਿਰ ਗੱਲ ਵੱਖਰੀ ਹੈ। ਇਸ ਦਾ ਕੀ ਅਰਥ ਹੋਇਆ ? ਕੀ ਇਸ ਦਾ ਮਤਲਬ ਇਹ ਹੈ ਕਿ ਸਿਰਜਣਹਾਰ ਸਾਡੇ ਬਾਰੇ ਓਨਾ ਚਿਰ ਨਿਰਣਾ ਨਹੀਂ ਕਰੇਗਾ ਜਿੰਨਾ ਚਿਰ ਅਸੀਂ ਕਿਸੇ ਹੋਰ ਬਾਰੇ ਅਜਿਹਾ ਨਹੀਂ ਕਰਦੇ ? ਜਾਂ ਜਿੰਨਾ ਚਿਰ ਅਸੀਂ ਸਿਰਜਣਹਾਰ ਬਾਰੇ ਨਿਰਣਾ ਨਹੀਂ ਕਰਦੇ ? ਜਾਂ ਫ਼ਿਰ ਕੀ ਅਸੀਂ ਇੱਥੇ ਉਸ ਬ੍ਰਹਮ ਬਾਰੇ ਗੱਲ ਕਰ ਰਹੇ ਹਾਂ ਜਿਹੜਾ ਪ੍ਰਾਣੀਆਂ ਦੇ ਅੰਦਰ ਵਸਦੈ ? ਵਿਚਾਰ ਕਰਨ ਲਈ ਬਹੁਤ ਕੁਝ ਹੈ, ਪਰ ਇਸ ਅਤੇ ਹੋਰ ਬਹੁਤ ਸਾਰੇ ਅਜਿਹੇ ਮਾਮਲਿਆਂ ਬਾਰੇ ਆਪਣੀ ਸੋਚ ਖੁੱਲ੍ਹੀ ਰੱਖਣਾ ਬਿਹਤਰ ਹੈ ਬਜਾਏ ਕਾਹਲੀ 'ਚ ਨਿਰਣੇ ਕਰਨ ਦੇਣ ਦੇ।

ਬ੍ਰਹਿਮੰਡ 'ਤੇ ਤੁਹਾਡਾ ਕੋਈ ਨਿਯੰਤਰਣ ਨਹੀਂ। ਇਹ ਤੱਥ ਸਵੈ-ਸਪੱਸ਼ਟ ਹੈ, ਨਹੀਂ ਤਾਂ ਤੁਸੀਂ ਉਹ ਕਿਓਂ ਨਾ ਕਰ ਸਕਦੇ ਜੋ ਤੁਸੀਂ ਕਰਨਾ ਚਾਹੁੰਦੇ ਹੋ, ਅਤੇ ਜਦੋਂ ਤੁਸੀਂ ਉਸ ਨੂੰ ਕਰਨਾ ਚਾਹੁੰਦੇ ਹੋ ? ਤੁਸੀਂ ਬਹੁਤ ਸਮੇਂ ਤੋਂ ਇਹ ਗੱਲ ਸਿੱਖੀ ਹੈ ਅਤੇ ਹਾਲੇ ਵੀ ਸਿੱਖ ਰਹੇ ਹੋ ਕਿ ਵੱਧ ਤੋਂ ਵੱਧ ਤੁਸੀਂ ਉਸ ਨਾਲ ਇੱਕ ਸੌਦਾ ਕਰ ਸਕਦੇ ਹੋ। ਜਿੰਨਾ ਚਿਰ ਤੁਸੀਂ ਬ੍ਰਹਿਮੰਡ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਸੀਮਾਵਾਂ ਦੇ ਅੰਦਰ ਰਹਿ ਕੇ ਕਾਰਜਸ਼ੀਲ ਹੁੰਦੇ ਹੋ, ਤੁਹਾਡੇ ਕੋਲ ਘੱਟੋ-ਘੱਟ ਕਦੇ ਕਦੇ, ਕੁਝ ਨਾ ਕੁਝ ਪ੍ਰਾਪਤ ਕਰਨ ਦਾ ਇੱਕ ਮੌਕਾ ਹੁੰਦਾ ਹੈ। ਪਰ ਭਾਵੇਂ ਤੁਸੀਂ ਬ੍ਰਹਿਮੰਡ ਦੇ ਇੰਚਾਰਜ ਨਹੀਂ, ਬ੍ਰਹਿਮੰਡ ਤੁਹਾਡਾ ਇੰਚਾਰਜ ਜ਼ਰੂਰ ਹੈ, ਅਤੇ ਉਹ ਤੁਹਾਨੂੰ ਬਹੁਤ ਸੁਰੱਖਿਆ ਪ੍ਰਦਾਨ ਕਰਦੈ। ਤੁਸੀਂ ਇਸ ਦਾ ਸਬੂਤ ਜਲਦੀ ਹੀ ਦੇਖੋਗੇ !

ਜ਼ਿੰਦਗੀ ਕਦੇ ਵੀ ਮੌਕੇ ਤੋਂ ਰਹਿਤ ਨਹੀਂ ਹੁੰਦੀ। ਜਾਂ ਸਕਾਰਾਤਮਕਤਾ ਤੋਂ। ਜਾਂ ਪਿਆਰ ਤੋਂ। ਅਸੀਂ ਜਿੱਥੇ ਵੀ ਜਾਂਦੇ ਹਾਂ ਅਤੇ ਜਿਹੜੇ ਵੀ ਹਾਲਾਤ 'ਚੋਂ ਗੁਜ਼ਰਦੇ ਹਾਂ, ਇਹ ਸਾਰੀਆਂ ਚੀਜ਼ਾਂ ਸਾਡੇ ਲਈ ਉਪਲਬਧ ਰਹਿੰਦੀਆਂ ਹਨ, ਕਿਸੇ ਨਾ ਕਿਸੇ ਤਰ੍ਹਾਂ, ਕਿਤੋਂ ਨਾ ਕਿਤੋਂ, ਪਰ ਉਹ ਬਿਲਕੁਲ ਓਹੋ ਜਿਹਾ ਰੂਪ ਧਾਰਣ ਨਹੀਂ ਕਰ ਸਕਦੀਆਂ ਜਿਸ ਦੀ ਅਸੀਂ ਉਮੀਦ ਕਰਦੇ ਹਾਂ - ਜਾਂ ਅਸੀਂ ਆਪਣੇ ਆਲੇ-ਦੁਆਲੇ ਦੇ ਨਾਟਕਾਂ ਕਾਰਨ ਇੰਨਾ ਭਟਕ ਜਾਂਦੇ ਹਾਂ ਕਿ ਅਸੀਂ ਇਹ ਸਮਝ ਹੀ ਨਹੀਂ ਪਾਉਂਦੇ ਕਿ ਅਸੀਂ ਹਾਲੇ ਵੀ ਸੰਭਾਵੀ ਤੌਰ 'ਤੇ ਵਡਭਾਗੀ ਕਿਵੇਂ ਹਾਂ। ਇਸੇ ਲਈ ਸਪਸ਼ਟਤਾ ਇੱਕ ਨਾਯਾਬ ਤੋਹਫ਼ਾ ਹੈ ਅਤੇ ਦ੍ਰਿਸ਼ਟੀਕੋਣ ਬਹੁਤ ਕੀਮਤੀ। ਕਿਉਂਕਿ ਬ੍ਰਹਿਮੰਡ ਤੁਹਾਨੂੰ ਖੁਲ੍ਹੇ ਦਿਲ ਨਾਲ ਇਸ ਬਾਰੇ ਜਾਗਰੂਕਤਾ ਪ੍ਰਦਾਨ ਕਰ ਰਿਹਾ ਹੈ, ਸਭ ਕੁਝ ਸਹੀ ਹੋਵੇਗਾ।

ਅਸੀਂ ਸਾਰੇ ਹੀ ਇੱਕ ਤਰ੍ਹਾਂ ਨਾਲ, ਸ਼ਰਣਾਰਥੀ ਹਾਂ। ਅਸੀਂ ਸਾਰੇ ਧਰਤੀ ਨਾਮਕ ਇੱਕ ਪਾਗ਼ਲਖਾਨੇ 'ਚ ਰਹਿੰਦੇ ਹਾਂ। ਅਸੀਂ ਸਾਰੇ ਵੱਖ-ਵੱਖ ਤਰ੍ਹਾਂ ਦੇ ਪਾਗਲਪਨਾਂ ਨਾਲ ਘਿਰੇ ਹੋਏ ਹਾਂ। ਅਸੀਂ ਸਾਰੇ ਅਰਥ, ਸ਼ਾਂਤੀ, ਤਰਕ ਦੀ ਭਾਵਨਾ ਲੋਚਦੇ ਹਾਂ। ਅਸੀਂ ਸਾਰੇ ਇੱਕ ਅਜਿਹੇ ਸਮਾਜ ਦੇ ਪੀੜਤ ਹਾਂ ਜਿਸ ਵਿੱਚ ਅਸੀਂ ਪੈਦਾ ਹੋਣ ਲਈ ਨਹੀਂ ਸੀ ਕਿਹਾ, ਪਰ ਹੁਣ ਅਸੀਂ ਉਸ ਤੋਂ ਦੌੜ ਨਹੀਂ ਸਕਦੇ। ਸਾਨੂੰ ਸਾਰਿਆਂ ਨੂੰ ਮਦਦ ਦੀ ਲੋੜ ਹੈ, ਅਤੇ ਅਸੀਂ ਇਸ ਦੇ ਹੱਕਦਾਰ ਵੀ ਹਾਂ। ਮਦਦਗਾਰਾਂ ਨੂੰ ਵੀ ਇਸ ਦੀ ਲੋੜ ਹੈ। ਦਰਅਸਲ, ਮਦਦਗਾਰਾਂ ਨੂੰ ਸ਼ਾਇਦ ਇਸ ਦੀ ਸਭ ਤੋਂ ਵੱਧ ਲੋੜ ਹੈ। ਇੰਝ ਨਹੀਂ ਲੱਗਦਾ ਜਿਵੇਂ ਇਹ ਗੱਲ ਤੁਹਾਡੇ ਬਾਰੇ ਹੀ ਹੋ ਰਹੀ ਹੈ ਕਿਉਂਕਿ ਤੁਸੀਂ ਇੱਕ ਅਸਾਧਾਰਣ ਸਹਾਇਕ ਹੋ। ਜੇਕਰ ਤੁਸੀਂ ਮਦਦਗਾਰ ਬਣਨਾ ਜਾਰੀ ਰੱਖਣਾ ਚਾਹੁੰਦੇ ਹੋ ਤਾਂ ਇੰਨੇ ਸੰਵੇਦਨਸ਼ੀਲ ਅਤੇ ਨਿਮਰ ਬਣੋ ਤਾਂ ਕਿ ਕੋਈ ਦੂਸਰਾ ਵੀ ਤੁਹਾਡੀ ਮਦਦ ਕਰ ਸਕੇ।

ਅਜਿਹੇ ਕਿੰਨੇ ਕੁ ਦੇਵੀ-ਦੇਵਤੇ ਹੋਣਗੇ ਜਿਨ੍ਹਾਂ ਨੂੰ ਸਾਨੂੰ ਲਗਾਤਾਰ ਖ਼ੁਸ਼ ਰੱਖਣ ਦੀ ਲੋੜ ਹੈ ? ਫ਼ੈਸ਼ਨ ਦੇ ਦੇਵਤੇ। ਸਮਾਜਕ ਸਵੀਕ੍ਰਿਤੀ ਦੀਆਂ ਦੇਵੀਆਂ। ਗੁੱਸੇ ਵਾਲੇ ਦੇਵਤੇ ਜੋ ਤਬਾਹੀ ਮਚਾ ਦੇਣਗੇ ਜੇ ਅਸੀਂ ਉਨ੍ਹਾਂ ਨੂੰ ਬਰਤਨ ਧੋ ਕੇ ਅਤੇ ਆਪਣੇ ਜੀਵਨ ਦਾ ਖਾਤਾ ਸੰਤੁਲਿਤ ਰੱਖ ਕੇ ਚੜ੍ਹਾਵਾ ਭੇਂਟ ਨਹੀਂ ਕਰਦੇ। ਇਨ੍ਹਾਂ ਪਰਮਾਤਮਾਵਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੇ ਆਪਣੇ ਯਤਨਾਂ 'ਚ, ਅਸੀਂ ਉਨ੍ਹਾਂ ਰੱਬਾਂ ਨੂੰ ਨਜ਼ਰਅੰਦਾਜ਼ ਕਰ ਬੈਠਦੇ ਹਾਂ ਜਿਹੜੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ ਅਤੇ ਸਰਬਤ ਦੇ ਭਲੇ ਦੇ ਉੱਚ ਉਦੇਸ਼ਾਂ ਦੀ ਤਰਜਮਾਨੀ ਕਰਦੇ ਹਨ। ਇਸ ਸਮੇਂ, ਹੋ ਸਕਦਾ ਹੈ, ਇਹ ਸਭ ਕੁਝ ਤੁਹਾਡੀ ਮੱਤ ਨੀਵੀਂ ਰੱਖਣ ਅਤੇ ਤੁਹਾਡੇ ਦਿਮਾਗ਼ 'ਚ ਤੁੱਛ ਗੱਲਾਂ ਭਰਨ ਲਈ ਬਹੁਤ ਦ੍ਰਿੜ ਜਾਪਦਾ ਹੋਵੇ, ਪਰ ਕੋਈ ਮਹਾਨ ਬ੍ਰਹਿਮੰਡੀ ਸ਼ਕਤੀ ਇਸ ਗੱਲ 'ਤੇ ਜ਼ੋਰ ਦੇ ਰਹੀ ਹੈ ਕਿ ਤੁਸੀਂ ਇੱਕ ਵਿਸ਼ਾਲ ਅਤੇ ਬੁੱਧੀਮਾਨ ਦ੍ਰਿਸ਼ਟੀਕੋਣ ਹਾਸਿਲ ਕਰੋ। ਅਤੇ ਤੁਹਾਡਾ ਦਿਲ ਤੁਹਾਨੂੰ ਉੱਥੇ ਲੈ ਜਾਵੇਗਾ।

Canada ਨੇ ਜਬਰਨ ਵਸੂਲੀ ਦੇ ਦੋਸ਼ੀ ਪੰਜਾਬੀ ਨੌਜਵਾਨ ਨੂੰ ਕੀਤਾ Deport

ਵੈਨਕੂਵਰ: ਕੈਨੇਡਾ ਸਰਕਾਰ ਨੇ ਜਬਰਨ ਵਸੂਲੀ ਵਰਗੀਆਂ ਅਪਰਾਧਿਕ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਦੋਸ਼ ਹੇਠ ਇੱਕ 22 ਸਾਲਾ ਪੰਜਾਬੀ ਨੌਜਵਾਨ ਲਵਬੀਰ ਸਿੰਘ ਨੂੰ ਦੇਸ਼ 'ਚੋਂ ਕੱਢ ਦਿੱਤਾ ਯਾਨੀ **Deport** ਕਰ ਦਿੱਤਾ ਹੈ। ਸਰੀ ਪੁਲੀਸ ਸਰਵਿਸ ਨੇ ਲਵਬੀਰ ਦੀ ਤਸਵੀਰ ਜਾਰੀ ਕਰਦਿਆਂ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਦੇ ਸਾਥੀਆਂ ਅਤੇ ਕੈਨੇਡਾ 'ਚ ਉਸ ਦੇ ਠਹਿਰਾਅ ਦੌਰਾਨ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਨ।

ਜ਼ਿਕਰਯਗ ਹੈ ਕਿ ਲਵਬੀਰ ਸਾਲ 2023 'ਚ ਇੱਕ ਵਿਦੇਸ਼ੀ ਨਾਗਰਿਕ ਵਜੋਂ ਕੈਨੇਡਾ ਆਇਆ ਸੀ, ਪਰ 2026 ਦੇ ਸ਼ੁਰੂ 'ਚ ਪੁਲੀਸ ਨੇ ਉਸ ਨੂੰ ਜਬਰਨ ਵਸੂਲੀ ਦੇ ਮਾਮਲਿਆਂ 'ਚ ਮੁੱਖ ਸ਼ੱਕੀ ਵਜੋਂ ਨਾਮਜ਼ਦ ਕੀਤਾ ਸੀ।

ਸਰੀ ਪੁਲੀਸ ਅਨੁਸਾਰ **Canada Border Services Agency** ਵਲੋਂ ਕੀਤੀ ਗਈ ਇਮੀਗ੍ਰੇਸ਼ਨ ਜਾਂਚ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਪੁਲੀਸ ਦਾ ਮੰਨਣਾ ਹੈ ਕਿ ਲਵਬੀਰ ਦੀ ਤਸਵੀਰ ਜਨਤਕ ਕਰਨ ਨਾਲ ਹੋਰ ਪੀੜਤਾਂ ਜਾਂ ਗਵਾਹਾਂ ਨੂੰ ਸਾਹਮਣੇ ਆਉਣ 'ਚ ਮਦਦ ਮਿਲੇਗੀ ਜਿਸ ਨਾਲ ਹਿੰਸਕ ਵਸੂਲੀ ਪਿੱਛੇ ਕੰਮ ਕਰ ਰਹੇ ਅਪਰਾਧਿਕ ਨੈੱਟਵਰਕ ਦਾ ਪਰਦਾਫ਼ਾਸ਼ ਹੋ ਸਕੇ।

ਖ਼ਾਸ ਗੱਲ ਇਹ ਹੈ ਕਿ ਸਤੰਬਰ 2025 'ਚ ਸਥਾਪਿਤ ਕੀਤੇ ਗਏ ਸਰੀ ਐਕਸਟੌਰਸ਼ਨ ਰਿਵਾਰਡ ਫ਼ੰਡ ਤਹਿਤ ਅਜਿਹੇ ਮਾਮਲਿਆਂ 'ਚ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਾਲੀ ਜਾਣਕਾਰੀ ਦੇਣ ਵਾਲੇ ਨੂੰ 250,000 ਡਾਲਰਾਂ ਤਕ ਦਾ ਇਨਾਮ ਦਿੱਤਾ ਜਾ ਸਕਦਾ ਹੈ।

ਸੰਸਾਰ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਵਲੋਂ ਲਿਖੀ ਫ਼ਿਲਮ ਬੇਗੋ ਚਰਚਾ 'ਚ

ਮਨਦੀਪ ਖੁਰਮੀ ਹਿੰਮਤਪੁਰਾ

ਲੰਡਨ: ਸ਼ਿਵਚਰਨ ਜੱਗੀ ਕੁੱਸਾ ਦੀ ਨਾਵਲ ਦੇ ਖੇਤਰ 'ਚ ਮੁਕੰਮਲ ਸਰਦਾਰੀ ਹੈ। ਇਸ ਗੱਲ ਦੀ ਸ਼ਾਹਦੀ ਖ਼ੁਦ ਪਬਲਿਸ਼ਰ ਵੀ ਭਰਦੇ ਹਨ ਕਿ ਨਾਵਲਕਾਰਾਂ 'ਚੋਂ ਸਭ ਤੋਂ ਵੱਧ ਪੈਸਾ ਜੱਗੀ ਕੁੱਸਾ ਨੂੰ ਹੀ ਮਿਲਦਾ ਹੈ। ਉਹ ਆਪਣੇ ਨਾਵਲ ਪੁਰਜਾ ਪੁਰਜਾ ਕਟਿ ਮਰੈ ਨਾਲ ਤੂਫ਼ਾਨ ਬਣ ਕੇ ਆਇਆ ਅਤੇ ਅੱਜ ਤਕ ਇੱਕ ਝੱਖੜ ਵਾਂਗ ਝੁੱਲ ਰਿਹਾ ਹੈ। ਉਸ ਦੇ ਕੁੱਝ ਚਰਚਿਤ ਨਾਵਲ ਹਿੰਦੀ ਅਤੇ ਅੰਗਰੇਜ਼ੀ 'ਚ ਵੀ ਅਨੁਵਾਦ ਹੋ ਚੁੱਕੇ ਹਨ, ਅਤੇ ਐਮੇਜ਼ੌਨ ਵਰਗੀਆਂ ਸਾਈਟਾਂ ਉੱਪਰ ਵੀ ਉਪਲਬਧ ਹਨ।ਬਹੁ-ਚਰਚਿਤ ਫ਼ਿਲਮਾਂ ਸਾਡਾ ਹੱਕ ਅਤੇ ਤੁਫ਼ਾਨ ਸਿੰਘ ਤੋਂ ਸ਼ੁਰੂ ਹੋ ਕੇ 2010 'ਚ ਜੱਗੀ ਕੁੱਸਾ ਨੇ ਫ਼ਿਲਮੀ ਖੇਤਰ 'ਚ ਪੈਰ ਰੱਖਿਆ ਸੀ ਅਤੇ ਮੁੜ ਪਿੱਛੇ ਨਹੀਂ ਦੇਖਿਆ। 26 ਨਾਵਲਾਂ ਸਮੇਤ 50 ਕਿਤਾਬਾਂ ਦੇ ਲੇਖਕ ਜੱਗੀ ਕੁੱਸਾ ਵਲੋਂ ਮਹੰਤ-ਜਨਾਂ ਉੱਪਰ ਲਿਖੀ ਉਸ ਅਤੇ ਜਲਦ ਹੀ ਦਰਸ਼ਕਾਂ ਦੀ ਕਚਹਿਰੀ 'ਚ ਹਾਜ਼ਰੀ ਲਗਵਾਉਣ ਵਾਲੀ ਫ਼ਿਲਮ ਬੇਗੋ ਅੱਜ-ਕੱਲ੍ਹ ਬੜੀ ਚਰਚਾ 'ਚ ਹੈ। ਇਸ ਫ਼ਿਲਮ ਨੂੰ ਯੁੱਗ ਫ਼ਿਲਮ ਸਟੂਡੀਉ ਦੇ ਐੱਮ. ਪੀ. ਨਿਹਾਲੇ ਵਾਲੀਆ, ਸ਼ੇਰਾ ਧੂੜਕੋਟ ਅਤੇ ਦਿਲਵੀਰ ਸਿੰਘ ਨੇ ਪ੍ਰੋਡਿਊਸ ਕੀਤਾ ਹੈ। ਇਸ ਦੇ ਡਾਇਰੈਕਟਰ ਲਵਲੀ ਸ਼ਰਮਾ ਅਤੇ ਪ੍ਰੋਜੈਕਟ ਹੈੱਡ ਕਾਬਲ ਗਿੱਲ ਹਨ। ਇਸ 'ਚ ਗਿਰਜਾ ਸ਼ੰਕਰ, ਕੁਲ ਸਿੱਧੂ, ਸ੍ਰੀਮਤੀ ਕੁਲਵੰਤ ਖੁਰਮੀ, ਡੈਵੀ ਸਿੰਘ, ਨਰਿੰਦਰ ਗੱਖੜ, ਪਾਲੀ ਸੰਧੂ, ਰੂਪ ਸੰਧੂ, ਮਨਪ੍ਰੀਤ ਸਿੱਧੂ, ਰਮਣੀਕ ਸ਼ਰਮਾ, ਹੈਪੀ ਪ੍ਰਿੰਸ, ਗੁਰਪ੍ਰੀਤ ਤੋਤੀ ਅਤੇ ਐਂਜਲੀਨਾ ਰਾਜਪੂਤ ਵਰਗੇ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ।

ਫ਼ਿਲਮ ਦੇ ਗੀਤ ਕਮਲ ਖ਼ਾਨ, ਫ਼ਿਰੋਜ਼ ਖ਼ਾਨ, ਨਛੱਤਰ ਗਿੱਲ, ਜੋਤੀ ਨੂਰਾਂ ਅਤੇ ਸਿਮਰਨ ਭਾਰਦਵਾਜ ਨੇ ਗਾਏ ਹਨ। ਇਸ ਫ਼ਿਲਮ ਦੇ ਗੀਤ ਗੱਗੂ ਧੌੜਕੋਟ ਨੇ ਲਿਖੇ ਹਨ, ਅਤੇ ਇਸ ਦਾ ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਇਹ ਫ਼ਿਲਮ ਜਲਦੀ ਹੀ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ। ਜਾਂਦੇ-ਜਾਂਦੇ ਦੱਸਦੇ ਜਾਈਏ ਕਿ ਸ਼ਿਵਚਰਨ ਜੱਗੀ ਕੁੱਸਾ ਦਾ ਲਿਖਿਆ ਅਗਲਾ ਵੱਡਾ ਪ੍ਰੋਜੈਕਟ ਇੱਕ ਸੀ ਲਾਲੀ ਦਾ ਐਲਾਨ ਵੀ ਹੋ ਚੁੱਕਾ ਹੈ ਜਿਸ ਦੀ 80 ਪ੍ਰਤੀਸ਼ਤ ਸ਼ੂਟਿੰਗ ਮਈ-ਜੂਨ ਮਹੀਨੇ ਇੰਗਲੈਂਡ 'ਚ ਕੀਤੀ ਜਾਵੇਗੀ।

ਅਨੋਖੇ ਵਿਆਹ ਨੇ ਚੱਕਰਾਂ 'ਚ ਪਾਏ ਬਾਰਾਤੀ

ਕਾਮਾਰੈਡੀ: ਤੇਲੰਗਾਨਾ ਦੇ ਨਿਜ਼ਾਮਾਬਾਦ (ਕਾਮਾਰੈਡੀ) ਜ਼ਿਲ੍ਹੇ ਦੇ ਪਿੰਡ ਦੇਮੀ ਕਲਾਂ 'ਚ ਇੱਕ ਬਹੁਤ ਹੀ ਦੁਰਲੱਭ ਅਤੇ ਦਿਲਚਸਪ ਵਿਆਹ ਦੇਖਣ ਨੂੰ ਮਿਲਿਆ ਹੈ ਜਿੱਥੇ ਦੋ ਜੁੜਵਾਂ ਭਰਾਵਾਂ ਨੇ ਦੋ ਜੁੜਵਾਂ ਭੈਣਾਂ ਨਾਲ ਵਿਆਹ ਕਰਵਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਅਨੋਖੇ ਵਿਆਹ ਨੇ ਨਾ ਸਿਰਫ਼ ਇਲਾਕੇ ਦੇ ਲੋਕਾਂ 'ਚ ਉਤਸੁਕਤਾ ਪੈਦਾ ਕੀਤੀ ਸਗੋਂ ਇਹ ਸੋਸ਼ਲ ਮੀਡੀਆ 'ਤੇ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਜੋੜੇ ਨੂੰ ਦੇਖ ਬਾਰਾਤੀਆਂ ਦੇ ਨਾਲ-ਨਾਲ ਲੋਕ ਵੀ ਚੱਕਰਾਂ 'ਚ ਪੈ ਗਏ ਹਨ।

ਇਹ ਵਿਆਹ ਐਤਵਾਰ 22 ਫ਼ਰਵਰੀ ਨੂੰ ਵਰਲਡ ਟਵਿਨਜ਼ ਡੇਅ ਦੇ ਮੌਕੇ 'ਤੇ ਬਿਲਕੁੱਲ ਇੱਕੋ ਹੀ ਮੁਹੂਰਤ 'ਚ ਸੰਪੰਨ ਹੋਇਆ। ਤਾਡਵਈ ਮੰਡਲ ਦੇ ਪਿੰਡ ਘਨਪੁਰ ਦੇ ਰਹਿਣ ਵਾਲੇ ਜੁੜਵਾਂ ਭਰਾਵਾਂ ਵਿਜੇ ਅਤੇ ਵਿਨੈ ਨੇ ਦੇਮੀ ਕਲਾਂ ਦੀਆਂ ਜੁੜਵਾਂ ਭੈਣਾਂ ਕੀਰਤਨਾ ਅਤੇ ਕੀਰਤੀ ਨਾਲ ਵਿਆਹ ਰਚਾਇਆ। ਦੋਵਾਂ ਭਰਾਵਾਂ ਨੇ ਇਕੋ ਜਿਹੇ ਕੱਪੜੇ ਪਾਏ ਹੋਏ ਸਨ ਅਤੇ ਚਿਹਰੇ ਵੀ ਇਕੋ ਜਿਹੇ ਸਨ ਜਿਸ ਨੂੰ ਦੇਖ ਭੁੱਲੇਖਾ ਲੱਗ ਰਿਹਾ ਸੀ। ਦੂਜੇ ਪਾਸੇ ਲਾੜੀਆਂ ਭੈਣਾਂ ਨੇ ਵੀ ਇਕੋ ਜਿਹੇ ਕੱਪੜੇ, ਗਹਿਣੇ ਪਾਏ ਹੋਏ ਸਨ। ਇਸ ਨਾਲ ਇਨ੍ਹਾਂ ਨੂੰ ਦੇਖਣ ਵਾਲਾ ਕੁੱਝ ਸਮੇਂ 'ਚ ਸੋਚਾਂ 'ਚ ਪੈ ਜਾਂਦਾ ਸੀ। ਇਸ ਦੁਰਲੱਭ ਵਿਆਹ ਦੀਆਂ ਤਸਵੀਰਾਂ ਅਤੇ ਵੀਡੀਓਜ਼ ਹੁਣ ਇੰਟਰਨੈੱਟ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ ਅਤੇ ਪਿੰਡ ਵਾਸੀਆਂ ਨੇ ਇਸ ਨੂੰ ਆਪਣੇ ਜ਼ਿਲ੍ਹੇ ਦਾ ਸਭ ਤੋਂ ਯਾਦਗਾਰੀ ਵਿਆਹ ਦੱਸਿਆ ਹੈ।

ਵਿਆਹ ਦੀ ਸਭ ਤੋਂ ਖ਼ਾਸ ਗੱਲ ਇਹ ਸੀ ਕਿ ਦੋਵਾਂ ਜੋੜਿਆਂ ਨੇ ਬਿਲਕੁੱਲ ਇੱਕੋ ਜਿਹੇ ਰਿਵਾਇਤੀ ਪਹਿਰਾਵੇ ਪਹਿਨੇ ਹੋਏ ਸਨ, ਅਤੇ ਉਹ ਇੱਕ-ਦੂਜੇ ਦੇ ਹੂ-ਬ-ਹੂ ਦਿਖਾਈ ਦੇ ਰਹੇ ਸਨ। ਵਿਆਹ 'ਚ ਆਏ ਮਹਿਮਾਨ ਇਹ ਪਛਾਣ ਕਰਨ 'ਚ ਅਸਮਰਥ ਸਨ ਕਿ ਕੌਣ ਵਿਜੇ ਹੈ ਅਤੇ ਕੌਣ ਵਿਨੈ। ਇਹੀ ਹਾਲ ਕੀਰਤਨਾ ਅਤੇ ਕੀਰਤੀ ਦੇ ਮਾਮਲੇ 'ਚ ਵੀ ਦੇਖਣ ਨੂੰ ਮਿਲਿਆ। ਲੋਕਾਂ ਨੇ ਇਸ ਦ੍ਰਿਸ਼ ਨੂੰ ਮਿਰਰ ਇਮੇਜ ਮੈਰਿਜ ਦਾ ਨਾਮ ਦਿੱਤਾ ਹੈ ਜਿਵੇਂ ਕਿ ਸ਼ੀਸ਼ੇ ਸਾਹਮਣੇ ਇੱਕੋ ਜੋੜੀ ਦੇ ਦੋ ਅਕਸ ਦਿਖਾਈ ਦੇ ਰਹੇ ਹੋਣ। ਇਸ ਕਾਰਨ ਕੋਲ ਉਲਝਣ 'ਚ ਦਿਖਾਈ ਦਿੱਤੇ।

ਪਰਿਵਾਰਕ ਮੈਂਬਰਾਂ ਅਨੁਸਾਰ ਦੋਵਾਂ ਪਰਿਵਾਰਾਂ 'ਚ ਪਹਿਲਾਂ ਹੀ ਚੰਗੇ ਸਬੰਧ ਸਨ ਅਤੇ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਦੋਵਾਂ ਪਾਸੇ ਜੁੜਵਾਂ ਬੱਚੇ ਹਨ ਤਾਂ ਇਹ ਰਿਸ਼ਤਾ ਹੋਰ ਵੀ ਖ਼ਾਸ ਹੋ ਗਿਆ। ਮਾਹਿਰਾਂ ਅਨੁਸਾਰ ਜੁੜਵਾਂ ਬੱਚਿਆਂ ਦੇ ਜੀਨ ਸਮਾਨ ਹੋਣ ਕਾਰਨ ਉਨ੍ਹਾਂ ਦੀਆਂ ਰੁਚੀਆਂ ਅਤੇ ਪਸੰਦ ਅਕਸਰ ਮਿਲਦੀਆਂ-ਜੁਲਦੀਆਂ ਹੁੰਦੀਆਂ ਹਨ ਜਿਸ ਕਾਰਨ ਉਹ ਸਮਾਨ ਕਿਸਮ ਦੇ ਵਿਅਕਤੀਆਂ ਵੱਲ ਆਕਰਸ਼ਿਤ ਹੋ ਸਕਦੇ ਹਨ। ਅਜਿਹੀਆਂ ਮਿਸਾਲਾਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਮਿਲਦੀਆਂ ਹਨ ਜਿਵੇਂ ਕਿ ਅਮਰੀਕਾ 'ਚ